ਮਰਦਾਨਾ ਕਮਜ਼ੋਰੀ 416-992-5489
KEY CUTTING AND PROGRAMMING 236-999-7980
ਬੈੱਡ ਬੱਗਜ਼ ਖ਼ਤਮ 604-999-7378
ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ਼ੋਰੀ 416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
ਵਿਜ਼ਟਰ ਇੰਸ਼ੋਰੈਂਸ 778-317-6262
ਸਸਤਾ ਹਵਾਈ ਸਫ਼ਰ 604-217-4114

Minneapolis 'ਚ ICE ਵਲੋਂ ਮਾਰੀ ਔਰਤ ਦੀ ਹੋਈ ਪਛਾਣ

ਇੱਕ US Immigration and Customs Enforcement (ICE) ਅਧਿਕਾਰੀ ਦੁਆਰਾ ਗੋਲੀ ਮਾਰ ਕੇ ਮਾਰੀ ਗਈ 37 ਸਾਲਾ ਔਰਤ ਦੀ ਪਛਾਣ ਹੁਣ ਹੋ ਗਈ ਹੈ। Minneapolis Star Tribune ਅਤੇ New York Times ਅਨੁਸਾਰ ਪੀੜਤ ਦਾ ਨਾਮ ਰਨੇ ਨਿਕੋਲ ਗੁੱਡ ਸੀ। ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਮਹਿਲਾ ਦੀ ਮੌਤ ਲਈ ਟਰੰਪ ਪ੍ਰਸ਼ਾਸਨ ਦੀ ਲਾਪਰਵਾਹੀ ਨੂੰ ਜ਼ਿੰਮੇਵਾਰ ਠਹਿਰਾਇਆ, ਅਤੇ ਉਨ੍ਹਾਂ ਕਿਹਾ ਕਿ ਅਜਿਹਾ ਓਦੋਂ ਤਕ ਹੁੰਦਾ ਰਹੇਗਾ ਜਦੋਂ ਤਕ 935 ਦੇ ਏਜੈਂਟਸ ਉਨ੍ਹਾਂ ਦੇ ਸ਼ਹਿਰ 'ਚ ਦਨਦਨਾਉਂਦੇ ਰਹਿਣਗੇ।

ਬੁੱਧਵਾਰ 7 ਜਨਵਰੀ ਦੀ ਰਾਤ ਨੂੰ ਸੈਂਕੜੇ ਲੋਕ ਉਸ ਜਗ੍ਹਾ 'ਤੇ ਇੱਕ ਚੌਕਸੀ ਇਕੱਠ ਤਹਿਤ ਇਕੱਤਰ ਹੋਣਾ ਸ਼ੁਰੂ ਹੋ ਗਏ ਹਨ ਜਿਹੜਾ ਉਸ ਸਥਾਨ ਤੋਂ ਦੋ ਕਿਲੋਮੀਟਰ ਤੋਂ ਵੀ ਘੱਟ ਦੂਰ ਹੈ ਜਿੱਥੇ 2020 'ਚ ਪੁਲੀਸ ਦੁਆਰਾ ਜੌਰਜ ਫ਼ਲੌਇਡ ਨੂੰ ਮਾਰਿਆ ਗਿਆ ਸੀ।

ਵ੍ਹਾਈਟ ਹਾਊਸ ਅਤੇ ਸਥਾਨਕ ਅਧਿਕਾਰੀਆਂ ਦੇ ਘਟਨਾਵਾਂ ਦੇ ਵੱਖੋ-ਵੱਖਰੇ ਸੰਸਕਰਣ ਹਨ। US ਰਾਸ਼ਟਰਪਤੀ ਡੌਨਲਡ ਟਰੰਪ ਨੇ ਦਾਅਵਾ ਕੀਤਾ ਕਿ 935 ਦੀ ਗੋਲੀ ਨਾਲ ਮਾਰੀ ਗਈ ਔਰਤ ਅਧਿਕਾਰੀਆਂ ਦੇ ਰਾਹ 'ਚ ਇੱਕ ਰੁਕਾਵਟ ਬਣ ਕੇ ਵਿਰੋਧ ਕਰ ਰਹੀ ਸੀ, ਅਤੇ ਹੋਮਲੈਂਡ ਸੈਕਿਓਰਿਟੀ ਸੈਕਟਰੀ ਕ੍ਰਿਸਟੀ ਨੋਅਮ ਨੇ ਮਾਰੀ ਗਈ ਮਹਿਲਾ ਦੀਆਂ ਕਾਰਵਾਈਆਂ ਨੂੰ ਘਰੇਲੂ ਅੱਤਵਾਦ ਦਾ ਕੰਮ ਗਰਦਾਨਿਆ, ਪਰ Minneappolis ਦੇ ਮੇਅਰ ਨੇ ਕਿਹਾ ਕਿ US Federal ਅਧਿਕਾਰੀਆਂ ਵਲੋਂ ਵਾਪਰੀ ਘਟਨਾ ਬਾਰੇ ਦਿੱਤਾ ਜਾ ਰਿਹਾ ਚਰਿੱਤਰੀਕਰਣ ਸਰਾਸਰ ਬਕਵਾਸ ਸੀ।

ਮਰ ਕੇ ਜਿਊਂਦੀ ਹੋਈ ਮਹਿਲਾ ਨੇ ਦੱਸੇ Afterlife ਦੇ ਤਜਰਬੇ

ਨਿਊ ਜਰਜ਼ੀ: ਅਮਰੀਕਾ ਦੇ ਨਿਊ ਜਰਜ਼ੀ ਦੀ ਰਹਿਣ ਵਾਲੀ ਐਰਿਕਾ ਟੇਟ ਦੀ ਕਹਾਣੀ ਇਨ੍ਹੀਂ ਦਿਨੀਂ ਦੁਨੀਆਂ ਭਰ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸਰੋਤਾਂ ਅਨੁਸਾਰ ਐਰਿਕਾ ਦਾ ਦਾਅਵਾ ਹੈ ਕਿ ਉਹ ਲਗਭਗ ਸੱਤ ਘੰਟੇ ਤਕ ਕਲੀਨਿਕਲੀ ਡੈੱਡ (ਡਾਕਟਰੀ ਤੌਰ 'ਤੇ ਮ੍ਰਿਤਕ) ਰਹੀ ਅਤੇ ਇਸ ਦੌਰਾਨ ਉਸ ਨੇ ਉਸ ਦੁਨੀਆਂ ਦਾ ਅਨੁਭਵ ਕੀਤਾ ਜਿਸ ਨੂੰ ਆਮ ਤੌਰ 'ਤੇ ਲੋਕ ਪਰਲੋਕ ਜਾਂ ਸਵਰਗ ਕਹਿੰਦੇ ਹਨ। ਉਸ ਦਾ ਕਹਿਣਾ ਹੈ ਕਿ ਮੌਤ ਦੇ ਇੰਨੇ ਕਰੀਬ ਪਹੁੰਚ ਕੇ ਜੋ ਉਸ ਨੇ ਦੇਖਿਆ, ਉਸ ਨੇ ਜ਼ਿੰਦਗੀ ਪ੍ਰਤੀ ਉਸ ਦੀ ਪੂਰੀ ਸੋਚ ਹੀ ਬਦਲ ਦਿੱਤੀ ਹੈ।

ਸਰੋਤ ਦੱਸਦੇ ਹਨ ਕਿ ਇਹ ਘਟਨਾ ਸਾਲ 2015 ਦੀ ਹੈ ਜਦੋਂ 32 ਸਾਲਾ ਐਰਿਕਾ ਨਿਊ ਜਰਜ਼ੀ ਦੇ ਪੈਲੀਸੇਡਜ਼ ਕਲਿਫ਼ਸ ਇਲਾਕੇ 'ਚ ਹਾਈਕਿੰਗ ਕਰ ਰਹੀ ਸੀ। ਇਸ ਦੌਰਾਨ ਪੈਰ ਫ਼ਿਸਲਣ ਕਾਰਨ ਉਹ 60 ਫ਼ੁੱਟ ਡੂੰਘੀ ਖਾਈ 'ਚ ਜਾ ਡਿੱਗੀ ਜਿਸ ਕਾਰਨ ਉਸ ਦੀ ਰੀੜ੍ਹ ਦੀ ਹੱਡੀ ਟੁੱਟ ਗਈ ਅਤੇ ਫ਼ੇਫ਼ੜੇ ਬੁਰੀ ਤਰ੍ਹਾਂ ਨੁਕਸਾਨੇ ਗਏ। ਰੈਸਕਿਊ ਟੀਮ ਨੂੰ ਉਸ ਤਕ ਪਹੁੰਚਣ 'ਚ ਸੱਤ ਘੰਟੇ ਲੱਗ ਗਏ, ਅਤੇ ਜਦੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਮੁਤਾਬਿਕ ਉਹ ਕਲੀਨਿਕਲੀ ਮੌਤ ਦੀ ਸਥਿਤੀ 'ਚ ਪਹੁੰਚ ਚੁੱਕੀ ਸੀ।

ਸ਼ਰੀਰ ਤੋਂ ਵੱਖ ਹੋਣ ਦਾ ਅਨੁਭਵ: ਐਰਿਕਾ ਨੇ ਆਪਣੇ ਰੌਂਗਟੇ ਖੜ੍ਹੇ ਕਰਨ ਵਾਲੇ ਅਨੁਭਵ ਬਾਰੇ ਦੱਸਦਿਆਂ ਕਿਹਾ ਕਿ ਹਾਦਸੇ ਤੋਂ ਬਾਅਦ ਉਸ ਨੇ ਖ਼ੁਦ ਨੂੰ ਆਪਣੇ ਸ਼ਰੀਰ ਤੋਂ ਵੱਖ ਮਹਿਸੂਸ ਕੀਤਾ। ਉਹ ਉੱਪਰੋਂ ਆਪਣੇ ਜ਼ਖ਼ਮੀ ਸ਼ਰੀਰ ਨੂੰ ਦੇਖ ਪਾ ਰਹੀ ਸੀ, ਅਤੇ ਉਸ ਨੂੰ ਕਿਸੇ ਤਰ੍ਹਾਂ ਦਾ ਕੋਈ ਦਰਦ ਮਹਿਸੂਸ ਨਹੀਂ ਹੋ ਰਿਹਾ ਸੀ ਸਗੋਂ ਇੱਕ ਅਜੀਬ ਜਿਹੀ ਸ਼ਾਂਤੀ ਅਤੇ ਸਕੂਨ ਸੀ। ਉਸ ਨੇ ਦੱਸਿਆ ਕਿ ਉਸ ਦੀ ਪੂਰੀ ਜ਼ਿੰਦਗੀ ਇੱਕ ਫ਼ਿਲਮ ਦੀ ਤਰ੍ਹਾਂ ਉਸ ਦੀਆਂ ਅੱਖਾਂ ਸਾਹਮਣੇ ਚੱਲਣ ਲੱਗੀ ਜਿੱਥੇ ਉਸ ਨੇ ਆਪਣੇ ਪੁਰਾਣੇ ਫ਼ੈਸਲਿਆਂ ਅਤੇ ਰਿਸ਼ਤਿਆਂ ਨੂੰ ਬਹੁਤ ਗਹਿਰਾਈ ਨਾਲ ਮਹਿਸੂਸ ਕੀਤਾ।

ਨਾ ਸਵਰਗ-ਨਰਕ, ਨਾ ਫ਼ਰਿਸ਼ਤੇ, ਸਿਰਫ਼ ਇੱਕ ਚਮਕਦਾਰ ਰੌਸ਼ਨੀ: ਐਰਿਕਾ ਨੇ ਦੱਸਿਆ ਕਿ ਉਸ ਦੇ ਅਨੁਭਵ 'ਚ ਕੋਈ ਸਵਰਗ-ਨਰਕ ਜਾਂ ਫ਼ਰਿਸ਼ਤਾ ਨਹੀਂ ਸੀ ਸਗੋਂ ਉੱਥੇ ਇੱਕ ਬਹੁਤ ਹੀ ਤੇਜ਼ ਅਤੇ ਚਮਕਦਾਰ ਰੌਸ਼ਨੀ ਸੀ ਜੋ ਉਸ ਨੂੰ ਆਪਣੀ ਵੱਲ ਖਿੱਚ ਰਹੀ ਸੀ। ਉਹ ਇਸ ਰੋਸ਼ਨੀ ਨੂੰ ਯੂਨੀਵਰਸਲ ਕੌਨਸ਼ੀਅਸਨੈੱਸ (ਬ੍ਰਹਿਮੰਡੀ ਚੇਤਨਾ) ਜਾਂ ਰੱਬ ਦਾ ਰੂਪ ਮੰਨਦੀ ਹੈ ਜੋ ਪਿਆਰ ਅਤੇ ਸ਼ਾਂਤੀ ਨਾਲ ਭਰੀ ਹੋਈ ਸੀ।

ਇਸ ਹਾਦਸੇ ਤੋਂ ਪਹਿਲਾਂ ਐਰਿਕਾ ਰੱਬ ਜਾਂ ਅਧਿਆਤਮਿਕਤਾ 'ਚ ਵਿਸ਼ਵਾਸ ਨਹੀਂ ਸੀ ਕਰਦੀ, ਪਰ ਹੁਣ ਉਸ ਦਾ ਮੰਨਣਾ ਹੈ ਕਿ ਮੌਤ ਅੰਤ ਨਹੀਂ ਸਗੋਂ ਇੱਕ ਭਰਮ ਹੈ। ਉਸ ਅਨੁਸਾਰ ਸਾਰੇ ਇਨਸਾਨ ਇੱਕੋ ਹੀ ਊਰਜਾ ਨਾਲ ਜੁੜੇ ਹੋਏ ਹਨ, ਅਤੇ ਕਿਸੇ ਨੂੰ ਦੁੱਖ ਦੇਣਾ ਅਸਲ 'ਚ ਖ਼ੁਦ ਨੂੰ ਨੁਕਸਾਨ ਪਹੁੰਚਾਉਣ ਵਾਂਗ ਹੈ। ਉਹ ਲੋਕਾਂ ਨੂੰ ਸੰਦੇਸ਼ ਦਿੰਦੀ ਹੈ ਕਿ ਸਵਰਗ-ਨਰਕ ਦੀ ਚਿੰਤਾ ਕਰਨ ਦੀ ਬਜਾਏ ਕਰੁਣਾ ਅਤੇ ਪਿਆਰ ਨਾਲ ਜੀਵਨ ਜਿਊਣਾ ਜ਼ਿਆਦਾ ਜ਼ਰੂਰੀ ਹੈ।

Venezuela 'ਚ US ਦੇ ਹੱਥ ਲੱਗਾ ਤੇਲ ਦਾ ਖ਼ਜ਼ਾਨਾ

ਕਰਾਕਾਸ: ਅਮਰੀਕਾ ਵਲੋਂ ਵੈਨੇਜ਼ੂਏਲਾ 'ਤੇ ਕੀਤੀ ਗਈ ਕਾਰਵਾਈ ਨੇ ਦੁਨੀਆਂ ਦਾ ਭੂ-ਰਾਜਨੀਤਿਕ ਅਤੇ ਆਰਥਿਕ ਨਕਸ਼ਾ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਉਸ ਹਮਲੇ ਤੋਂ ਬਾਅਦ ਹੁਣ ਵੈਨੇਜ਼ੂਏਲਾ ਦਾ ਵਿਸ਼ਾਲ ਤੇਲ ਭੰਡਾਰ ਅਣ-ਅਧਿਕਾਰਿਤ ਤੌਰ 'ਤੇ ਅਮਰੀਕਾ ਦੇ ਕੰਟਰੋਲ 'ਚ ਆ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਦੂਰੋ ਅਤੇ ਉਸ ਦੀ ਪਤਨੀ ਨੂੰ ਫ਼ੜ ਲਿਆ ਗਿਆ ਹੈ, ਅਤੇ ਹੁਣ ਅਮਰੀਕਾ ਉੱਥੋਂ ਦੇ ਤੇਲ ਬਾਜ਼ਾਰ 'ਚ ਵੱਡਾ ਨਿਵੇਸ਼ ਕਰੇਗਾ।

ਹੁਣ ਅਮਰੀਕਾ ਦੇ ਹੱਥ ਸੂਤਰਾਂ ਅਨੁਸਾਰ ਵੈਨੇਜ਼ੂਏਲਾ ਕੋਲ ਦੁਨੀਆਂ ਦਾ ਸਭ ਤੋਂ ਵੱਡਾ ਕੱਚਾ ਤੇਲ ਭੰਡਾਰ ਹੈ ਜੋ ਕਿ ਲਗਭਗ 303 ਬਿਲੀਅਨ ਬੈਰਲਜ਼ ਹੋਣ ਦਾ ਅਨੁਮਾਨ ਹੈ। ਮੌਜੂਦਾ ਬਾਜ਼ਾਰ ਕੀਮਤ (57 ਡਾਲਰ ਪ੍ਰਤੀ ਬੈਰਲ) ਦੇ ਹਿਸਾਬ ਨਾਲ ਇਸ ਖ਼ਜ਼ਾਨੇ ਦੀ ਕੁੱਲ ਕੀਮਤ ਲਗਭਗ 17.3 ਟ੍ਰਿਲੀਅਨ ਡਾਲਰ (ਤਕਰੀਬਨ 1, 530 ਲੱਖ ਕਰੋੜ ਰੁਪਏ) ਬਣਦੀ ਹੈ। ਇਹ ਰਕਮ ਇੰਨੀ ਵੱਡੀ ਹੈ ਕਿ ਜੇਕਰ ਇਸ ਤੇਲ ਨੂੰ ਅੱਧੀ ਕੀਮਤ 'ਤੇ ਵੀ ਵੇਚਿਆ ਜਾਵੇ ਤਾਂ ਵੀ ਇਹ ਅਮਰੀਕਾ ਅਤੇ ਚੀਨ ਨੂੰ ਛੱਡ ਕੇ ਦੁਨੀਆਂ ਦੇ ਕਿਸੇ ਵੀ ਦੇਸ਼ ਦੀ ਕੁੱਲ GDP ਤੋਂ ਵੱਧ ਹੋਵੇਗੀ।

ਚੀਨ ਨੂੰ ਵੀ ਵੇਚਣਗੇ ਤੇਲ: ਰਾਸ਼ਟਰਪਤੀ ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਵੱਡੀਆਂ ਅਮਰੀਕੀ ਊਰਜਾ ਕੰਪਨੀਆਂ ਹੁਣ ਵੈਨੇਜ਼ੂਏਲਾ ਦੇ ਖ਼ਰਾਬ ਹੋ ਚੁੱਕੇ ਤੇਲ ਢਾਂਚੇ ਨੂੰ ਠੀਕ ਕਰਨ ਲਈ ਅਰਬਾਂ ਡਾਲਰ ਦਾ ਨਿਵੇਸ਼ ਕਰਨਗੀਆਂ। ਉਨ੍ਹਾਂ ਕਿਹਾ, "ਅਸੀਂ ਤੇਲ ਦੇ ਕਾਰੋਬਾਰ 'ਚ ਹਾਂ ਅਤੇ ਅਸੀਂ ਇਸ ਨੂੰ ਚੀਨ ਸਮੇਤ ਹੋਰ ਦੇਸ਼ਾਂ ਨੂੰ ਵੱਡੀ ਮਾਤਰਾ 'ਚ ਐਕਸਪੋਰਟ ਕਰਾਂਗੇ। ਇਸ ਕਦਮ ਨਾਲ ਅਮਰੀਕਾ ਨਾ ਸਿਰਫ਼ ਆਪਣੇ ਲਈ ਪੈਸਾ ਕਮਾਏਗਾ ਬਲਕਿ ਗਲੋਬਲ ਐਨਰਜੀ ਮਾਰਕੀਟ 'ਤੇ ਆਪਣਾ ਦਬਦਬਾ ਵੀ ਕਾਇਮ ਕਰੇਗਾ।"

ਮਾਹਿਰਾਂ ਅਨੁਸਾਰ ਅਮਰੀਕਾ ਦੇ ਇਸ ਕਬਜ਼ੇ ਨਾਲ ਤੇਲ ਦੀਆਂ ਕੀਮਤਾਂ 'ਤੇ ਭਾਰੀ ਦਬਾਅ ਪੈ ਸਕਦਾ ਹੈ। ਇਸ ਨਾਲ ਓਪੈਕ ਦੇਸ਼ਾਂ ਦੀ ਤਾਕਤ ਘੱਟ ਸਕਦੀ ਹੈ, ਅਤੇ ਸਾਊਦੀ ਅਰਬ ਤੇ ਰੂਸ ਵਰਗੇ ਪ੍ਰਮੁੱਖ ਤੇਲ ਉਤਪਾਦਕ ਦੇਸ਼ਾਂ ਨੂੰ ਆਪਣੀਆਂ ਰਣਨੀਤੀਆਂ ਬਦਲਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਇਹ ਕਾਰਵਾਈ ਦੁਨੀਆਂ 'ਚ ਸ਼ਕਤੀ ਦੇ ਸੰਤੁਲਨ ਨੂੰ ਬਦਲਣ ਦੀ ਸਮਰੱਥਾ ਰੱਖਦੀ ਹੈ।

US ਨੇ ਕੱਢਿਆ 26 ਸਾਲ ਪੁਰਾਣਾ ਵੈਰ



ਵਾਸ਼ਿੰਗਟਨ: ਅਮਰੀਕਾ ਵਲੋਂ ਵੈਨੇਜ਼ੂਏਲਾ 'ਤੇ ਹਮਲੇ ਦੀ ਜੜ੍ਹ 'ਚ ਇਨ੍ਹਾਂ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਢਾਈ ਦਹਾਕਿਆਂ ਤੋਂ ਚੱਲਦੀ ਆ ਰਹੀ ਕੁੜੱਤਨ ਅਤੇ ਵੈਨੇਜ਼ੂਏਲਾ ਦੇ ਤੇਲ ਭੰਡਾਰ 'ਤੇ ਅਮਰੀਕਾ ਦੀ ਅਧਿਕਾਰ ਕਾਇਮ ਕਰਨ ਦੀ ਇੱਛਾ ਹੈ। ਅਮਰੀਕਾ ਨੇ ਦੱਖਣੀ ਅਮਰੀਕੀ ਦੇਸ਼ ਵੈਨੇਜ਼ੂਏਲਾ 'ਤੇ ਹਮਲਾ ਕਰ ਕੇ ਇੱਕ ਨਵੀਂ ਜੰਗ ਸ਼ੁਰੂ ਕਰ ਦਿੱਤੀ ਹੈ।

ਇਸ ਹਮਲੇ 'ਚ ਅਮਰੀਕੀ ਹਵਾਈ ਫ਼ੌਜ ਨੇ ਰਾਜਧਾਨੀ ਕਾਰਾਕਾਸ 'ਤੇ ਡੱਟ ਕੇ ਬੰਬ ਵਰ੍ਹਾਏ ਅਤੇ ਫ਼ਿਰ ਰਾਸ਼ਟਰਪਤੀ ਨਿਕੋਲਸ ਮਦੂਰੋ ਨੂੰ ਉਨ੍ਹਾਂ ਦੇ ਦੇਸ਼ 'ਚੋਂ ਚੁੱਕ ਕੇ ਬਾਹਰ ਲਿਜਾਇਆ ਗਿਆ। ਅਸਲ 'ਚ ਅਮਰੀਕਾ ਤੇ ਵੈਨੇਜ਼ੂਏਲਾ ਵਿਚਾਲੇ ਬੇਭਰੋਸਗੀ ਅਤੇ ਤਨਾਅ ਦੀਆਂ ਜੜ੍ਹਾਂ ਉਸ ਵੇਲੇ ਤੋਂ ਹਨ ਜਦੋਂ 1999 'ਚ ਉੱਥੇ ਖੱਬੇ-ਪੱਖੀ ਰਾਸ਼ਟਰਪਤੀ ਹਿਊਗੋ ਸ਼ਾਵੇਜ਼ ਨੇ ਸੱਤਾ ਸੰਭਾਲੀ ਸੀ।

ਇਹ ਵੀ ਇੱਕ ਤੱਥ ਹੈ ਕਿ 2002 'ਚ ਵੈਨੇਜ਼ੂਏਲਾ ਨੂੰ ਸਭ ਤੋਂ ਪਹਿਲਾਂ ਸੁਤੰਤਰ ਰਾਸ਼ਟਰ ਦੀ ਮਾਨਤਾ ਵੀ ਅਮਰੀਕਾ ਨੇ ਹੀ 1835 'ਚ ਦਿੱਤੀ ਸੀ। 1999 'ਚ ਹਿਊਗੋ ਸ਼ਾਵੇਜ਼ ਨੇ ਸੱਤਾ 'ਚ ਆਉਣ ਤੋਂ ਬਾਅਦ ਬੋਲੀਵੇਰੀਅਨ ਕ੍ਰਾਂਤੀ ਸ਼ੁਰੂ ਕੀਤੀ ਅਤੇ ਅਮਰੀਕਾ ਨੂੰ ਇੱਕ ਸਾਮਰਾਜਵਾਦੀ ਦੇਸ਼ ਦੱਸਿਆ। 2002 'ਚ ਵੈਨੇਜ਼ੂਏਲਾ ਨੇ ਅਮਰੀਕਾ 'ਤੇ ਸ਼ਾਵੇਜ਼ ਖ਼ਿਲਾਫ਼ ਅਸਫ਼ਲ ਫ਼ੌਜੀ ਤਖ਼ਤਾ ਪਲਟ ਦਾ ਸਮਰਥਨ ਕਰਨ ਦਾ ਦੋਸ਼ ਲਾਇਆ ਸੀ। 2007 'ਚ ਸ਼ਾਵੇਜ਼ ਨੇ ਤੇਲ ਖੇਤਰ ਦਾ ਰਾਸ਼ਟਰੀਕਰਣ ਕਰ ਦਿੱਤਾ ਜਿਸ ਨਾਲ ਅਮਰੀਕੀ ਕੰਪਨੀਆਂ ਨੂੰ ਭਾਰੀ ਨੁਕਸਾਨ ਹੋਇਆ। 2013 'ਚ ਮਦੂਰੋ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਆਰਥਿਕ ਬਦਹਾਲੀ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ 'ਚ ਅਮਰੀਕਾ ਨੇ ਵੈਨੇਜ਼ੂਏਲਾ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ। 2019 'ਚ ਅਮਰੀਕਾ ਨੇ ਮਦੂਰੋ ਦੀ ਮੁੜ-ਚੋਣ ਨੂੰ ਗ਼ੈਰ-ਕਾਨੂੰਨੀ ਐਲਾਨ ਕੇ ਵਿਰੋਧੀ ਧਿਰ ਦੇ ਆਗੂ ਹੁਆਨ ਗੁਆਇਡੋ ਨੂੰ ਅੰਤਰਿਮ ਰਾਸ਼ਟਰਪਤੀ ਵਜੋਂ ਮਾਨਤਾ ਦਿੱਤੀ।

2025 'ਚ ਅਮਰੀਕਾ ਨੇ ਨਸ਼ੇ ਵਾਲੀਆਂ ਦਵਾਈਆਂ ਦੀ ਸਮੱਗਲਿੰਗ ਰੋਕਣ ਦੇ ਨਾਂ 'ਤੇ ਕੈਰੇਬੀਅਨ ਖੇਤਰ 'ਚ ਭਾਰੀ ਫ਼ੌਜ ਤਾਇਨਾਤ ਕੀਤੀ। ਅਮਰੀਕੀ ਵਿਦੇਸ਼ ਵਿਭਾਗ ਨੇ 2019 'ਚ ਮਦੂਰੋ 'ਤੇ ਡੇਢ ਕਰੋੜ ਡਾਲਰ ਦਾ ਇਨਾਮ ਰੱਖਿਆ ਸੀ। ਇਨਾਮ ਦੀ ਰਕਮ ਅਗਸਤ 2025 'ਚ ਵਧਾ ਕੇ ਪੰਜ ਕਰੋੜ ਡਾਲਰ ਕਰ ਦਿੱਤੀ ਗਈ ਸੀ।

ਮਰਦਾਨਾ ਕਮਜ਼ੋਰੀ 416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
KEY CUTTING AND PROGRAMMING 236-999-7980
ਮਰਦਾਨਾ ਕਮਜ਼ੋਰੀ 416-992-5489
ਸਸਤਾ ਹਵਾਈ ਸਫ਼ਰ 604-217-4114
KEY CUTTING AND PROGRAMMING 236-999-7980
ਡਾਲਰ ਦਾ ਵਧੀਆ ਰੇਟ? 778-246-2500
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222

19 ਸਾਲਾ ਰਾਜਕੁਮਾਰੀ ਸਪੇਨ 'ਚ ਰਚੇਗੀ ਇਤਿਹਾਸ, 150 ਸਾਲ 'ਚ ਹੋਵੇਗੀ ਦੇਸ਼ ਦੀ ਪਹਿਲੀ ਰਾਣੀ

ਮੈਡ੍ਰਿਡ: ਸਪੇਨ ਦੀ ਰਾਜਕੁਮਾਰੀ ਲਿਓਨੋਰ ਦਾ ਨਾਂ ਦੇਸ਼ ਦੇ 150 ਸਾਲਾਂ ਦੇ ਇਹਿਤਾਸ 'ਚ ਆਪਣਾ ਨਾਂ ਸੁਨਹਿਰੀ ਅੱਖਰਾਂ 'ਚ ਦਰਜ ਕਰਵਾਉਣ ਜਾ ਰਹੀ ਹੈ। ਉਹ ਦੇਸ਼ ਦੇ ਪਿਛਲੇ 150 ਸਾਲਾਂ ਦੇ ਇਤਿਹਾਸ 'ਚ ਪਹਿਲੀ ਮਹਿਲਾ ਸ਼ਾਸਕ ਬਣਨ ਜਾ ਰਹੀ ਹੈ। ਆਓ ਤੁਹਾਨੂੰ ਦੱਸਦੇ ਹਾਂ ਰਾਜਕੁਮਾਰੀ ਦੀ ਜ਼ਿੰਦਗੀ ਨਾਲ ਜੁੜੇ ਕੁੱਝ ਅਹਿਮ ਕਿੱਸੇ। ਸਪੇਨ ਦੀ ਰਾਜਕੁਮਾਰੀ ਲਿਓਨੋਰ ਸਪੇਨ ਦੇ ਰਾਜਾ ਫ਼ੇਲਿਪ ਛੇਵੀਂ ਅਤੇ ਰਾਣੀ ਲੇਟੀਜ਼ੀਆ ਦੀ ਵੱਡੀ ਪੁੱਤਰੀ ਹੈ ਅਤੇ ਮੌਜੂਦਾ ਸਮੇਂ 'ਚ ਸਪੇਨ ਦੇ ਤਖ਼ਤ ਦੀ ਮੁੱਖ ਵਾਰਿਸ ਹੈ। ਜਦੋਂ ਉਹ ਰਾਣੀ ਬਣੇਗੀ ਤਾਂ ਉਹ ਪਿਛਲੇ 150 ਤੋਂ ਵੱਧ ਸਾਲਾਂ 'ਚ ਸਪੇਨ ਦੀ ਪਹਿਲੀ ਮਹਿਲਾ ਸ਼ਾਸਕ ਹੋਵੇਗੀ। ਇਸ ਤੋਂ ਪਹਿਲਾਂ ਰਾਣੀ ਇਜ਼ਾਬੇਲਾ 99 ਦਾ ਸ਼ਾਸ਼ਨ 1868 'ਚ ਖ਼ਤਮ ਹੋਇਆ ਸੀ।

ਲਿਓਨੋਰ ਨੇ ਮੈਡ੍ਰਿਡ ਅਤੇ ਵੇਲਜ਼ ਐਟਲੈਂਟਿਕ ਕਾਲਜ ਤੋਂ ਪੜ੍ਹਾਈ ਕੀਤੀ ਹੈ। ਉਹ ਸਪੈਨਿਸ਼, ਅੰਗਰੇਜ਼ੀ, ਫ਼੍ਰੈਂਚ ਅਤੇ ਕੈਟਲਨ ਭਾਸ਼ਾਵਾਂ ਬੋਲਣ 'ਚ ਮਾਹਿਰ ਹੈ। ਸਪੈਨਿਸ਼ ਹਥਿਆਰਬੰਦ ਸੈਨਾਵਾਂ ਦੀ ਕਮਾਂਡਰ-ਇਨ-ਚੀਫ਼ ਬਣਨ ਦੀ ਤਿਆਰੀ ਵਜੋਂ ਉਸ ਨੇ ਅਗਸਤ 2023 'ਚ ਤਿੰਨ ਸਾਲਾ ਫ਼ੌਜੀ ਸਿਖਲਾਈ ਸ਼ੁਰੂ ਕੀਤੀ ਸੀ। ਇਸ 'ਚ ਥਲ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੀ ਸਿਖਲਾਈ ਸ਼ਾਮਿਲ ਹੈ ਜਿਸ ਦੌਰਾਨ ਉਸ ਨੇ ਆਪਣੀ ਪਹਿਲੀ ਇਕੱਲੀ ਉਡਾਣ ਵੀ ਮੁਕੰਮਲ ਕਰ ਲਈ ਸੀ।

ਸਪੇਨ ਦੀ ਸੰਵਿਧਾਨਕ ਪ੍ਰਣਾਲੀ ਅਨੁਸਾਰ ਜਦੋਂ ਤਕ ਰਾਜੇ ਦੇ ਕੋਈ ਪੁੱਤਰ ਪੈਦਾ ਨਹੀਂ ਹੁੰਦਾ ਉਦੋਂ ਤਕ ਲਿਓਨੋਰ ਹੀ ਗੱਦੀ ਦੀ ਵਾਰਿਸ ਰਹੇਗੀ। ਹੁਣ ਤਕ ਕੋਈ ਹੋਰ ਵਾਰਿਸ (ਪੁੱਤਰ) ਨਾ ਹੋਣ ਕਾਰਨ ਉਸ ਦਾ ਰਾਣੀ ਬਣਨਾ ਨਿਸ਼ਚਿਤ ਜਾਪਦਾ ਹੈ ਜੋ ਸਪੇਨ ਦੇ ਇਤਿਹਾਸ 'ਚ ਇੱਕ ਨਵਾਂ ਅਧਿਆਏ ਲਿਖੇਗਾ। ਰਾਜਕੁਮਾਰੀ ਦੀ ਇਹ ਸਖ਼ਤ ਫ਼ੌਜੀ ਅਤੇ ਅਕਾਦਮਿਕ ਸਿਖਲਾਈ ਇੱਕ ਨੀਂਹ ਪੱਥਰ ਵਾਂਗ ਹੈ ਜੋ ਇੱਕ ਮਜ਼ਬੂਤ ਅਤੇ ਆਧੁਨਿਕ ਸ਼ਾਸ਼ਨ ਦੀ ਇਮਾਰਤ ਤਿਆਰ ਕਰਨ ਲਈ ਜ਼ਰੂਰੀ ਹੈ।

2025 'ਚ ਕਿਸ ਦੇਸ਼ 'ਚ